# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਯੂਨੀਵਰਸਿਟੀ ਕੈਲੰਡਰ ਜਿਲਦ-II (2010) ਨਾਲ ਸੰਬੰਧਿਤ ਸਿੰਡੀਕੇਟ ਦੀ ਕਾਰਵਾਈ/ ਪੈਰ੍ਹਿਆਂ ਦੀ ਸੂਚੀ:**

| | | |
|---|---|---|
| 1. | ਯੂਨੀਵਰਸਿਟੀ ਵਿਚੋਂ ਬੀ.ਐਸ-ਸੀ. (ਸੀ.ਐਸ.ਐਮ.) ਦੀ ਪਹਿਲੀ ਮੈਰਿਟ ਅਨੁਸਾਰ ਟਾਪਰ ਵਿਦਿਆਰਥੀ ਨੂੰ ਮਿਸ ਚਰਨਜੀਤ ਕੌਰ ਯਾਦਗਾਰੀ ਮੈਡਲ ਦੇਣ/ਸਥਾਪਿਤ ਕਰਨ ਸਬੰਧੀ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 10.03.2014 ਦੀ ਕਾਰਵਾਈ ਨੂੰ ਦਿੱਤੀ ਪ੍ਰਵਾਨਗੀ ਸਬੰਧੀ। | ਸਿੰਡੀਕੇਟ ਮਿਤੀ 12-6-2014, ਪੈਰ੍ਹਾ-7.12 |
| 2. | ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਸਬੰਧੀ। | ਸਿੰਡੀਕੇਟ ਮਿਤੀ 30-12-2014, ਪੈਰ੍ਹਾ-6 |
| 3. | ਸ੍ਰੀ ਨਿਰਵਿਕਾਰ ਸਿੰਘ, Professor of Economics, Sarbjit Singh, Aurora Chair of Sikh and Punjabi Studies, Director, Centre for Analytical Finance 421 E2 Building, University of California, Santa Cruz, USA, CA 95064 ਵੱਲੋਂ ਅਕਾਦਮਿਕ ਸਾਲ 2015-16 ਤੋਂ ਪੰਜਾਬੀ ਵਿਭਾਗ ਵਿਖੇ ਸ. ਅਰਦਮਨ ਸਿੰਘ ਯਾਦਗਾਰੀ ਵਜੀਫ਼ਾ ਅਤੇ ਕੈਮਿਸਟਰੀ ਵਿਭਾਗ ਵਿਖੇ ਸ. ਮਹਾਨ ਸਿੰਘ ਯਾਦਗਾਰੀ ਵਜੀਫ਼ੇ ਦੀ ਰਾਸ਼ੀ 1,000/- ਰੁਪਏ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਕਰਨ ਸੰਬੰਧੀ। | ਸਿੰਡੀਕੇਟ ਮਿਤੀ 18-03-2015 ਪੈਰ੍ਹਾ-28.22 |
| 4. | ਬੀ.ਏ.ਸਾਲਾਨਾ ਅਤੇ ਬੀ.ਐਸ.-ਸੀ. ਸਮੈਸਟਰ ਸਿਸਟਮ ਦੀ ਫਾਈਨਲ ਪ੍ਰੀਖਿਆ ਵਿਚੋਂ ਗਣਿਤ ਵਿਸ਼ੇ ਦੀ ਸਾਂਝੀ ਮੈਰਿਟ ਲਿਸਟ ਬਣਾ ਕੇ ਮੈਥੇਮੈਟਿਕਸ ਵਿਸ਼ੇ ਦੇ ਟਾਪਰ ਵਿਦਿਆਰਥੀ ਨੂੰ ਸ੍ਰੀਮਤੀ ਲਕਸ਼ਮੀ ਦੇਵੀ ਯਾਦਗਾਰੀ ਤਗਮਾ ਦੇਣ ਸੰਬੰਧੀ। | ਸਿੰਡੀਕੇਟ ਮਿਤੀ 18-03-2015 ਪੈਰ੍ਹਾ-28.23 |
| 5. | ਅਕਾਦਮਿਕ ਸਾਲ 2014-15 ਤੋਂ ਫੈਕਲਟੀ ਆਫ਼ ਇੰਜੀਨੀਅਰਿੰਗ ਅਧੀਨ ਬੀ.ਟੈਕ. ਭਾਗ-ਪਹਿਲਾ, ਐਮ.ਟੈਕ ਅਤੇ ਪ੍ਰੋਫੈਸ਼ਨਲ ਕੋਰਸਾਂ ਲਈ Rules For Refund of Fee Account of Withdrawl/Cancellation of Admission, Migration Etc. (For Engineering Departments) ਸੰਬੰਧੀ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਸੰਬੰਧੀ। | ਸਿੰਡੀਕੇਟ ਮਿਤੀ 18-03-2015 ਪੈਰ੍ਹਾ-36.24 |
| 6. | ਸਿੰਡੀਕੇਟ ਵੱਲੋਂ ਮਿਤੀ 27.06.1986 ਦੇ ਪੈਰ੍ਹਾ ਨੰਬਰ 42.17 (1) ਵਿਚ ਪਹਿਲਾਂ ਲਏ ਫੈਸਲੇ ਦੀ ਨਿਰੰਤਰਤਾ ਵਿਚ ('ਹੁਣ ਤੱਕ' ਦੀ) ਸੋਧ ਕਰਦੇ ਹੋਏ ਜੋ ਡਿਗਰੀਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਆਪਣੀ ਡਿਗਰੀਆਂ ਦੇ ਬਰਾਬਰ ਮੰਨੀਆਂ ਹਨ, ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਮਾਨ ਵੀ ਮੰਨਿਆ ਜਾਵੇ, ਦੀ ਦਿੱਤੀ ਪ੍ਰਵਾਨਗੀ ਸੰਬੰਧੀ। | ਸਿੰਡੀਕੇਟ ਮਿਤੀ 18-03-2015 ਪੈਰ੍ਹਾ-36.25 |
| 7. | ਸਵ. ਪ੍ਰੋ. ਤਾਰਾ ਸਿੰਘ ਦੇ ਨਾਂ ਤੇ ਸੰਗੀਤ ਵਿਭਾਗ ਦੇ ਐਮ.ਏ ਗਾਇਨ/ਵਾਦਨ ਦੇ ਟਾਪਰ ਦੋ ਵਿਦਿਆਰਥੀਆਂ ਨੂੰ ਮੈਡਲ ਦੇਣ/ਸਥਾਪਤ ਕਰਨ ਲਈ ਅਤੇ ਪਟਿਆਲਾ ਸੰਗੀਤ ਸੰਮੇਲਨ ਦਾ ਨਾਮ ਪ੍ਰੋ. ਤਾਰਾ ਸਿੰਘ ਪਟਿਆਲਾ ਸੰਗੀਤ ਸੰਮੇਲਨ ਕਰਨ ਸੰਬੰਧੀ। | ਸਿੰਡੀਕੇਟ ਮਿਤੀ 25-06-2015 ਪੈਰ੍ਹਾ-23 |
| 8. | ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਫਿਜ਼ਿਕਸ ਵਿਭਾਗ ਵਿਖੇ ਮਿਸ ਚਰਨਜੀਤ ਕੌਰ ਯਾਦਗਾਰੀ ਸਕਾਲਰਸ਼ਿਪ ਦੇਣ/ਸਥਾਪਤ ਕਰਨ ਸਬੰਧੀ। | ਸਿੰਡੀਕੇਟ ਮਿਤੀ 29-03-2016 ਪੈਰ੍ਹਾ-22.17 |

ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਸੰਬੰਧੀ।

6. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਫਿਜ਼ੀਓਥਰੈਪੀ ਵਿਭਾਗ ਵਿਖੇ ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਹਾਊਸ ਨੇ ਨੋਟ ਕੀਤਾ ਕਿ ਡਾ. ਨਰਿੰਦਰ ਕੌਰ ਮੁਲਤਾਨੀ ਵੱਲੋਂ ਆਪਣੇ ਪਿਤਾ ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਦੇ ਨਾਂ 'ਤੇ ਯੂਨੀਵਰਸਿਟੀ ਦੇ ਫਿਜ਼ੀਓਥਰੈਪੀ ਵਿਭਾਗ ਵਿਚ ਬੀ.ਪੀ.ਟੀ. ਭਾਗ-ਪਹਿਲਾ ਵਿਚ ਮੈਰਿਟ ਦੇ ਆਧਾਰ 'ਤੇ ਦਾਖਲ ਹੋਈ ਅਤੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥਣ ਲਈ ਸਕਾਲਰਸ਼ਿਪ ਸਥਾਪਿਤ ਕਰਨ ਸੰਬੰਧੀ ਤਜਵੀਜ਼ ਪ੍ਰਾਪਤ ਹੋਈ ਹੈ। ਇਸ ਸੰਬੰਧੀ ਦਾਨੀ ਸੱਜਣ ਵੱਲੋਂ 1,50,000/- ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਜਮ੍ਹਾਂ ਰਾਸ਼ੀ ਦੇ ਵਿਆਜ ਵਿਚੋਂ 1000/- ਰੁਪਏ ਪ੍ਰਤੀ ਮਹੀਨਾ ਵਿਦਿਆਰਥਣ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ। ਦਾਨੀ ਸੱਜਣ ਹਰ ਸਾਲ ਇਕ ਹੀ ਵਿਦਿਆਰਥਣ ਨੂੰ ਵਜੀਫਾ ਦੇਣਾ ਚਾਹੁੰਦੇ ਹਨ।

ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਗਠਿਤ ਕਮੇਟੀ ਦੀ ਮਿਤੀ 12.08.2014 ਨੂੰ ਹੋਈ ਇਕੱਤਰਤਾ ਵਿਚ ਕੀਤੀਆਂ ਸਿਫ਼ਾਰਸ਼ਾਂ ਪ੍ਰਵਾਨਗੀ ਉਪਰੰਤ **ਅੰਤਿਕਾ-5** 'ਤੇ ਹਨ। ਮੋਡੈਲਟੀਜ਼ ਵਿਚ ਲੜੀ ਨੰਬਰ 3 ਵਿਚ ਸੋਧ ਕਰਦੇ ਹੋਏ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨਗੀ ਦਿੱਤੀ ਹੈ ਕਿ ਹੁਣ ਇਹ ਸਕਾਲਰਸ਼ਿਪ ਕੇਵਲ ਹਰ ਸਾਲ ਬੀ.ਪੀ.ਟੀ. ਭਾਗ-ਪਹਿਲਾ ਵਿਚ ਮੈਰਿਟ ਅਨੁਸਾਰ ਦਾਖਲ ਹੋਈ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥਣ ਨੂੰ ਦਿੱਤਾ ਜਾਵੇਗਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਜਨਰਲ ਬ੍ਰਾਂਚ

ਫਿਜੀਉਥਰੈਪੀ ਵਿਭਾਗ ਦੇ ਬੀ.ਪੀ.ਟੀ ਕੋਰਸ ਵਿੱਚ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥਣ ਨੂੰ ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਵਜ਼ੀਫਾ ਦੇਣ/ਸਥਾਪਤ ਕਰਨ ਲਈ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 12-8-2014 ਨੂੰ ਬਾਅਦ ਦੁਪਹਿਰ 3:00 ਵਜੇ ਰਜਿਸਟਰਾਰ ਦਫ਼ਤਰ ਦੇ ਸਾਹਮਣੇ ਕਮੇਟੀ ਰੂਮ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1) ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2) ਰਜਿਸਟਰਾਰ
3) ਮੁਖੀ, ਫਿਜੀਉਥਰੈਪੀ ਵਿਭਾਗ
4) ਡੀਨ, ਵਿਦਿਆਰਥੀ ਭਲਾਈ
5) ਵਿੱਤ ਅਫ਼ਸਰ

ਫਿਜੀਉਥਰੈਪੀ ਵਿਭਾਗ ਦੇ ਬੀ.ਪੀ.ਟੀ ਕੋਰਸ ਵਿਚ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥਣ ਨੂੰ ਸ. ਬਲਵੀਰ ਸਿੰਘ ਮੁਲਤਾਨੀ ਯਾਦਗਾਰੀ ਵਜੀਫਾ ਦੇਣ ਲਈ ਤਜ਼ਵੀਜ਼ ਪ੍ਰਾਪਤ ਹੋਈ ਸੀ, ਜਿਸ ਲਈ ਨਿਮਨ ਲਿਖਤ ਮੋਡੈਲਟੀਜ਼ ਨਿਰਧਾਰਤ ਕੀਤੀਆਂ ਗਈਆਂ:

1) ਸਕਾਲਰਸ਼ਿਪ ਦਾ ਨਾਂ **ਸ. ਬਲਬੀਰ ਸਿੰਘ ਮੁਲਤਾਨੀ ਯਾਦਗਾਰੀ ਵਜ਼ੀਫਾ** ਹੋਵੇਗਾ।
2) ਇਹ ਵਜ਼ੀਫ਼ਾ ਫਿਜੀਉਥਰੈਪੀ ਵਿਭਾਗ ਵਿੱਚ ਬੀ.ਪੀ.ਟੀ ਕੋਰਸ ਵਿਚ ਆਰਥਿਕ ਪੱਖੋਂ ਕਮਜ਼ੋਰ ਇੱਕ ਲੜਕੀ (ਵਿਦਿਆਰਥਣ) ਨੂੰ ਦਿੱਤਾ ਜਾਵੇਗਾ।
3) ਸਕਾਲਰਸ਼ਿਪ ਦੀ ਅਵਧੀ ਦੋ ਸਾਲ ਹੋਵੇਗੀ। ਇਕ ਵਿਦਿਆਰਥਣ ਨੂੰ ਦੋਵੇਂ ਸਾਲ ਇਹ ਵਜੀਫਾ ਦਿੱਤਾ ਜਾਵੇਗਾ, ਪਰੰਤੂ ਜੇਕਰ ਪਹਿਲਾਂ ਵਜੀਫਾ ਲੈ ਰਹੀ ਵਿਦਿਆਰਥਣ ਦੀ ਰੀ-ਅਪੀਅਰ ਆ ਜਾਂਦੀ ਹੈ ਜਾਂ ਫੇਲ ਹੋ ਜਾਂਦੀ ਹੈ ਤਾਂ ਇਹ ਵਜ਼ੀਫਾ ਉਸ ਵਿਦਿਆਰਥਣ ਨੂੰ ਦੂਜੇ ਸਾਲ ਨਹੀਂ ਦਿੱਤਾ ਜਾਵੇਗਾ ਅਤੇ ਆਰਥਿਕ ਪੱਖੋਂ ਕਮਜ਼ੋਰ ਅਗਲੀ ਵਿਦਿਆਰਥਣ ਨੂੰ ਦਿੱਤਾ ਜਾਵੇਗਾ।
4) ਯੂਨੀਵਰਸਿਟੀ ਵਲੋਂ ਨਿਰਧਾਰਤ ਨਿਯਮਾਂ ਅਧੀਨ ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੋਣ ਕਰਕੇ ਦਾਨੀ ਸੱਜਣ ਡਾ. ਨਰਿੰਦਰ ਕੌਰ ਮੁਲਤਾਨੀ ਨੂੰ ਸਕਾਲਰਸ਼ਿਪ ਲਈ 1,50,000/-ਰੁਪਏ (ਇੱਕ ਲੱਖ ਪੰਜਾਹ ਹਜ਼ਾਰ ਰੁਪਏ) ਦੀ ਰਾਸ਼ੀ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾਉਣ ਲਈ ਬੇਨਤੀ ਕੀਤੀ ਜਾਵੇਗੀ।
5) ਇਹ ਸਕਾਲਰਸ਼ਿਪ ਅਕਾਦਮਿਕ ਸਾਲ 2015-16 ਤੋਂ ਲਾਗੂ ਕੀਤਾ ਜਾਵੇਗਾ ਜਦੋਂ ਤੱਕ Endowment ਫੰਡ ਰਾਸ਼ੀ ਦਾ ਵਿਆਜ ਆਉਣਾ ਸ਼ੁਰੂ ਹੋਵੇਗਾ।
6) ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਰੱਖੀ ਜਾਵੇਗੀ।
7) ਜੇਕਰ ਵਿਦਿਆਰਥੀ ਕਿਸੇ ਹੋਰ ਸੰਸਥਾ ਆਦਿ ਤੋਂ ਵਜੀਫਾ ਲੈ ਰਹੀ ਹੈ ਤਾਂ ਇਹ ਵਜ਼ੀਫ਼ਾ ਆਰਥਿਕ ਪੱਖੋਂ ਕਮਜ਼ੋਰ ਅਗਲੀ ਵਿਦਿਆਰਥਣ ਨੂੰ ਦਿੱਤਾ ਜਾਵੇਗਾ।
8) ਵਿਭਾਗੀ ਅਕਾਦਮਿਕ ਕਮੇਟੀ (ਏ.ਸੀ.ਡੀ) ਵਲੋਂ ਨਾਮਜ਼ਦ ਦੋ ਮੈਂਬਰ ਅਤੇ ਮੁਖੀ ਵਿਦਿਆਰਥਣ ਦਾ ਨਾਂ ਸਿਫਾਰਸ਼ ਕਰਨਗੇ।
9) ਵਜੀਫ਼ੇ ਦੀ ਪ੍ਰਵਾਨਗੀ ਉਪਰੰਤ ਵਿਭਾਗ ਵੱਲੋਂ ਇਹ ਵਜੀਫਾ ਸਿੱਧੇ ਤੌਰ 'ਤੇ ਲੇਖਾ ਸ਼ਾਖਾ ਤੋਂ ਕਲੇਮ ਕਰਕੇ ਵਿਦਿਆਰਥਣ ਨੂੰ ਦਿੱਤਾ ਜਾਵੇਗਾ।
10) ਸਿੰਡੀਕੇਟ ਦੀ ਪ੍ਰਵਾਨਗੀ ਉਪਰੰਤ ਇਸ ਬਾਰੇ ਜਾਣਕਾਰੀ ਯੂਨੀਵਰਸਿਟੀ ਦੀ ਸੂਚਨਾ ਪੁਸਤਕ ਵਿੱਚ ਦਰਜ ਕੀਤੀ ਜਾਵੇਗੀ।

ਮੁਖੀ, ਫਿਜੀਉਥਰੈਪੀ ਵਿਭਾਗ — Head, Physiotherapy Deptt. Punjabi University, Patiala
ਰਜਿਸਟਰਾਰ
ਡੀਨ, ਵਿਦਿਆਰਥੀ ਭਲਾਈ

ਡਿਪਟੀ ਰਜਿਸਟਰਾਰ (ਲੇਖਾ)
ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)

for approval